रोल नं.

Roll No.

मुद्रित पृष्ठों की संख्या : 4

No. of printed pages : 4

107

407 (IOF)

# 2022
# ਪੰਜਾਬੀ

समय : 3 घण्टे ]
Time : 3 Hours ]

[ पूर्णांक : 100
[ Max. Marks : 100

ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. ਅਣਡਿੱਠੇ ਪੈਰ੍ਹੇ ਨੂੰ ਪੜ੍ਹਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ— 10

ਸਾਡੇ ਜੀਵਨ ਦਾ ਇਕ ਪ੍ਰਤੱਖ ਅਤੇ ਬੜਾ ਮਹਾਨ ਅੰਗ ਉਪਜੀਵਕਾ ਕਮਾਉਣਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵੇਖਿਆ ਪਤਾ ਲੱਗਦਾ ਹੈ ਕਿ ਜਿਸ ਮਨੁੱਖ ਜਾਂ ਇਸਤਰੀ ਨੇ ਆਪਣੀ ਪਹਿਲੀ ਅਵਸਥਾ ਵਿੱਚ ਆਪਣੇ ਆਪ ਨੂੰ ਉਪੀਵਕਾ ਕਮਾਉਣ ਦੇ ਯੋਗ ਬਣਾਉਣਲਈ ਘਾਲ ਨਹੀਂ ਘਾਲੀ, ਉਹ ਜਿਸ ਖੇਤਰ ਵਿੱਚ ਪਿੱਛੇ ਰਹਿ ਜਾਂਦਾ ਹੈ। ਜੋ ਕਿਸੇ ਵਿਹਾਰ ਜਾਂ ਕਾਰਜ ਉੱਤੇ ਦਿਲ ਲਗਾ ਕੇ ਮਿਹਨਤ ਵੱਲੋਂ ਅਵੇਸਲੇ ਹੋ ਜਾਣ, ਉਹਨਾਂ ਦਾ ਇਸ ਸੰਸਾਰ ਵਿੱਚ ਝਟ ਨਹੀਂ ਟੱਪਦਾ। ਨਿਰੀ ਉਪਜੀਵਕਾ ਕਮਾਉਣ ਵਾਸਤੇ ਹੀ ਜੀਉਣਾ ਬਹੁਤ ਉੱਚਾ ਆਦਰਸ਼ ਨਹੀਂ। ਮਿਹਨਤ ਦਾ ਮਨੁੱਖੀ ਸੁਭਾਅ ਉੱਤੇ ਅਦੁੱਤੀ ਪ੍ਰਭਾਵ ਪੈਂਦਾ ਹੈ।

(ੳ) ਉਪਜੀਵਕਾ ਤੋਂ ਕੀ ਭਾਵ ਹੈ ?

(ਅ) ਉਪਜੀਵਕਾ ਕਮਾਉਣ ਦੇ ਯੋਗ ਬਣਨ ਲਈ ਕੀ ਕਰਨਾ ਚਾਹੀਦਾ ਹੈ ?

(ੲ) ਮਿਹਨਤ ਕਰਨ ਵੱਲੋਂ ਅਵੇਸਲੇ ਹੋਣ ਦਾ ਕੀ ਨੁਕਸਾਨ ਹੈ ?

(ਸ) ਮਿਹਨਤ ਦਾ ਮਨੁੱਖੀ ਸੁਭਾਅ ਤੇ ਕੀ ਪ੍ਰਭਾਵ ਪੈਂਦਾ ਹੈ ?

(ਹ) ਇਸ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਤੇ 200-225 ਸ਼ਬਦਾਂ ਵਿੱਚ ਲਿਖੋ— 10

(ੳ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

(ਅ) ਇੰਟਰਨੈੱਟ

(ੲ) ਸਮੇਂ ਦੀ ਕਦਰ

(ਸ) ਇਸਤਰੀ ਵਿਦਿਆ

(ਹ) ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ



Downloaded from cclchapter.com

3. ਹੇਠ ਲਿਖੇ ਸੰਕੇਤਾਂ ਦੀ ਸਹਾਇਤਾ ਨਾਲ 100-125 ਸ਼ਬਦਾਂ ਦੀ ਕਹਾਣੀ ਪੂਰੀ ਕਰੋ— 7

ਇਕ ਸ਼ਹਿਰ ਵਿੱਚ ਦੋ ਭਿਖਾਰੀ ........ ਅੰਨ੍ਹਾ ਸੀ ਤੇ ਦੂਜਾ ਲੰਗੜਾ ........ ਮੰਗ ਕੇ ਆਪਣਾ ਗੁਜਾਰਾ ........ ਬੜੀ ਚੰਗੀ ਦੋਸਤੀ ........ ਸ਼ਹਿਰ ਦਾ ਇਕ ਸੇਠ ........ ਬਾਗ ਦੀ ਚੌਂਕੀਦਾਰੀ ਲਈ ਆਦਮੀ ........ ਝੱਟ ਪੱਟ ਇਸ ਕੰਮ ਲਈ ਤਿਆਰ ........ ਹੀ ਅਜੀਬ ਤਰੀਕਾ ........ ਇੱਕਲੇ ਇੱਕਲੇ ਕੰਮ ਕਰਾਂਗੇ ਤਾਂ ਠੀਕ ਨਹੀਂ ........ਮਿਲ ਕੇ ਪਹਿਰਾ ........ਭਿਖਾਰੀ ਨੂੰ ਸਲਾਹ ਦਿੱਤੀ ਕਿ ਤੇਰੇ ਮੋਢੇ ......ਜ਼ੋਰ ਦੀ ਆਵਾਜਾਂ ਕੱਢ ਕੇ ......ਮਿਲੇਗਾ ਉਹ ਵੰਡ ਕੇ ...... ਨੌਕਰੀ ਕਰਨੀ ਸ਼ੁਰੂ ਕਰ .....।

4. ਕਿਸੇ ਅਖਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ, ਜਿਸ ਵਿੱਚ ਆਪਣੇ ਆਲੇ-ਦੁਆਲੇ ਨਿੱਤ ਵਰਤੋਂ ਦੀਆਂ ਵਸਤਾਂ ਵਿੱਚ ਪਾਈ ਜਾਂਦੀ ਮਿਲਾਵਟ ਬਾਰੇ ਦੱਸਿਆ ਜਾਵੇ। 8

5. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਪ੍ਰਯੋਗ ਕਰੋ ਕਿ ਅਰਥ ਸਪਸ਼ਟ ਜੋ ਜਾਣ। 3

ਮੁੱਠੀ ਗਰਮ ਕਰਨਾ, ਈਦ ਦਾ ਚੰਨ ਹੋਣਾ, ਉਸਤਾਦੀ ਕਰਨੀ।

6. ਹੇਠ ਲਿਖੇ ਦੋ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਤੇ ਵਰਤੇ ਜਾਂਦੇ ਹਨ? 2

ਇਕ ਚੁੱਪ ਸੌ ਸੁੱਖ, ਉਲਟਾ ਚੋਰ ਕੋਤਵਾਲ ਨੂੰ ਡਾਂਟੇ, ਘਰ ਦਾ ਭੇਤੀ ਲੰਕਾ ਢਾਹੇ।

7. ਹੇਠ ਲਿਖੇ ਵਾਕਾਂ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ— 3

ਅਧਿਆਪਕ ਨੇ ਕਿਹਾ ਵਿਦਿਆਰਥੀਓ ਦਿਲ ਲਾ ਕੇ ਕੰਮ ਕਰੋ ਜੀ ਅਸੀਂ ਸਾਰੇ ਕੰਮ ਕਰ ਰਹੇ ਹਾਂ

8. ਹੇਠ ਲਿਖੇ ਵਾਕਾਂ ਦੀ ਵੰਡ ਕਰੋ— 4

(ੳ) ਮੇਰਾ ਭਰਾ ਮੋਬਾਇਲ ਵੇਚਦਾ ਹੈ।

(ਅ) ਮੈਂ ਦਿੱਲੀ ਜਾਵਾਂਗਾ।

9. ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੇ— 3

(ੳ) ਅਸੀਂ ਪਤੰਗ ਉਡਾਉਂਦਾ ਹੈ।

(ਅ) ਲੜਕੇ ਫੁੱਟਬਾਲ ਖੇਡ ਰਹੀ ਹੈ।

(ੲ) ਬਾਹਰ ਰੌਲਾ ਪੈ ਰਹੀ ਹੈ

10. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇਕ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਮੇਰੇ ਹੱਡ ਤਾਣ ਨਾਹੀਂ, ਸਕਾਂ ਨਾ ਖੜੋਇ ਪੈਰੀਂ, $2 \times 4 = 8$

ਖੜੀ ਸੱਜਣ ਆਸਰੇ ਹਾਂ, ਅਬਲਾ ਸੌਂ ਅਮਾਪੀਆਂ

(ੳ) ਉਪਰੋਕਤ ਕਾਵਿ-ਟੁਕੜੀ ਦਾ ਪ੍ਰਸੰਗ ਦੱਸੋ।

(ਅ) ਉਪਰੋਕਤ ਕਾਵਿ-ਟੁਕੜੀ ਦੀ ਵਿਆਖਿਆ ਕਰੋ।



Downloaded from cclchapter.com

(ੲ) ਇਸ ਕਾਵਿ ਟੁਕੜੀ ਦੀ ਵਿਲਖਣਤਾ ਬਾਰੇ ਦੱਸੋ।

(ਸ) 'ਅਬਲਾ ਮੈਂ ਅਮਾਪੀਆਂ' ਤੋਂ ਕੀ ਭਾਵ ਹੈ ?

(ਅ) ਮੈਂ ਧੀਆਂ ਅਰਸ਼ ਦੀ ਤ੍ਰੇਲ ਪਲਾਂ ਮੈਂ ਕਿਰਨ ਖਾ,
ਮੇਰੀ ਰਾਤ ਚਾਂਦਨੀ ਖੇਲ ਰਾਤ ਰਲ ਖੇਲੀਏ,
ਮੈਂ ਮਸਤ ਆਪਣੇ ਹਾਲ ਮਗਨ ਗੰਧ ਆਪਣੀ
ਹਾਂ ਦਿਨ ਨੂੰ ਭੌਰੇ ਨਾਲ ਭੀ ਮਿਲਣੋਂ ਸੰਗਦਾ।

(ੳ) ਉਪਰੋਕਤ ਕਾਵਿ-ਬੰਦ ਦੇ ਕਵੀ ਤੇ ਕਵਿਤਾ ਦਾ ਨਾਂ ਦੱਸੋ

(ਅ) ਅਰਸ਼ ਦੀ ਤ੍ਰੇਲ ਕੌਣ ਪੀਂਦਾ ਹੈ ?

(ੲ) ਆਪਣੀ ਗੰਧ ਵਿੱਚ ਮਗਨ ਤੋਂ ਕੀ ਭਾਵ ਹੈ ?

(ਸ) ਉਪਰੋਕਤ ਕਾਵਿ ਬੰਦ ਦੀ ਵਿਆਖਿਆ ਕਰੋ।

11. ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਰਾਖੇ' ਦਾ ਸਾਰ ਲਿਖੋ। 7

ਜਾਂ

'ਕੇਲੋਂ ਦੇ ਗਲ ਲੱਗੀ ਵੇਲ' ਭਾਈ ਵੀਰ ਸਿੰਘ ਜੀ ਦੁਆਰਾ ਰਚਿਤ ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

12. ਹੇਠ ਲਿਖੇ ਵਾਰਤਾਲਾਪ ਅੰਸ਼ਾਂ ਵਿੱਚੋਂ ਕਿਸੇ ਇਕ ਵਾਰਤਾਲਾਪ ਦੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ– $2 \times 4 = 8$

"ਸ਼ੋਭਾ, ਪਹਿਲਾਂ ਤੂੰ ਦਸ, ਤੈਨੂੰ ਕੀ ਤਕਲੀਫ਼ ਏ! ਸੁਲਾਹ ਲਈ ਤੇਰੀਆਂ ਕੀ ਸ਼ਰਤਾਂ ਨੇ ? ਦੋਹਾਂ ਪਾਸਿਆਂ ਦੇ ਬਿਆਨ ਸੁਣ ਕੇ ਮੈਂ ਫੈਸਲਾ ਦਿਆਂਗਾ ? ਦੋਹਾਂ ਨੂੰ ਮੰਨਣਾ ਪਵੇਗਾ। ਬੋਲ ਸ਼ੋਭਾ।

(ੳ) ਇਹ ਬੋਲ ਕਿਸ ਰਚਨਾ ਵਿਚੋਂ ਹਨ ਅਤੇ ਉਸ ਰਚਨਾ ਦਾ ਲੇਖਕ ਕੌਣ ਹੈ ?

(ਅ) ਇਹ ਵਾਰਤਾਲਾਪ ਕੌਣ ਕਿਸਨੂੰ ਕਹਿੰਦਾ ਹੈ ?

(ੲ) ਇਹ ਵਾਰਤਾਲਾਪ ਪਿੱਛੇ ਕਿਹੜੀ ਸਥਿਤੀ ਪੇਸ਼ ਕੀਤੀ ਗਈ ਹੈ ?

(ਸ) ਇਸ ਵਾਰਤਾਲਾਪ ਦੀ ਵਿਆਖਿਆ ਕਰੋ।

ਜਾਂ

"ਵਕੀਲ ਸਾਹਿਬ, ਤੁਹਾਡੀ ਸ਼ੰਕਾ ਬੇ-ਬੁਨਿਆਦ ਏ। ਮੈਂ ਉਸ ਸਕੂਲ ਦੀ ਕਮੇਟੀ ਦਾ ਮੈਂਬਰ ਹਾਂ। ਸ਼ੋਭਾ ਦੀ ਸਕੂਲ ਵਿੱਚ ਬੇਹਦ ਇੱਜ਼ਤ ਹੈ। ਕੇਵਲ ਇਸਦੇ ਆਦਰਸ਼ਕ ਆਚਰਣ ਕਰਕੇ।"

(ੳ) ਉਪਰ ਲਿਖੀਆਂ ਸਤਰਾਂ ਕਿਹੜੀਆਂ ਰਚਨਾ ਵਿਚੋਂ ਲਈਆਂ ਗਈਆਂ ਹਨ ?

(ਅ) ਇਹ ਬੋਲ ਕੌਣ ਕਿਸਨੂੰ ਕਹਿੰਦਾ ਹੈ ?



Downloaded from cclchapter.com

(ੲ) ਇਹ ਸਤਰਾਂ ਕਿਹੜੇ ਪਾਤਰ ਬਾਰੇ ਆਖੀਆਂ ਗਈਆਂ ਹਨ ?

(ਸ) ਉਪਰੋਕਤ ਵਾਰਤਾਲਾਪ ਦੀ ਰਚਨਾ ਦੇ ਲੇਖਕ ਦਾ ਨਾਂ ਦੱਸੋ।

13. ਨਾਟਕ 'ਸ਼ੋਭਾ-ਸ਼ਕਤੀ' ਵਿੱਚ ਭਾਰਤੀ ਇਸਤਰੀ ਦੇ ਤੌਰ ਤੇ ਸ਼ੋਭਾ ਦੇ ਤਿੰਨਾਂ ਰੂਪਾਂ ਬਾਰੇ ਲਿਖੋ। 7

ਜਾਂ

ਸ਼ੋਭਾ ਦੇ ਪਿਤਾ ਦੀਨ ਦਿਆਲ ਕਪੂਰ ਦਾ ਚਰਿਤਰ ਚਿੱਤਰਣ ਕਰੋ।

14. ਹੇਠ ਲਿਖੇ ਪੈਰ੍ਹਿਆਂ ਵਿਚੋਂ ਕਿਸੇ ਇਕ ਦੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ– 2 +3 =5

(ੳ) "ਪਈ ਬੜਾ ਔਖਾ ਏ, ਸਾਈਕਲਾਂ ਨਾਲ ਵੀ। ਤੁਸੀਂ ਸ਼ੇਰਨੀਆਂ ਓ! ਖੌਰੇ ਕਿਡਾ ਕੁ ਦਿਲ ਏ ਤੁਹਾਡਾ। ਲਿਆ ਖਾਂ ਭਲਾ ਵੇਖਾਂ!"

(ੳ) ਇਹ ਕਥਾ-ਅੰਸ਼ ਕਿਸ ਕਹਾਣੀਕਾਰ ਦੀ ਕਿਸ ਕਹਾਣੀ ਵਿਚੋਂ ਲਿਆ ਗਿਆ ਹੈ ?

(ਅ) ਇਸ ਕਥਾ-ਅੰਸ਼ ਵਿੱਚ ਕੌਣ ਕਿਸ ਨੂੰ ਸ਼ੇਰਨੀਆਂ ਕਹਿੰਦਾ ਹੈ ਤੇ ਕਿਉਂ ?

(ਅ) ਨੂੰਹ-ਸੱਸ ਤੇ ਜਿਵੇਂ ਬਿਜਲੀ ਪੈ ਗਈ। ਕਿਸੇ ਨੇ ਬਾਰੂ ਦਾ ਤਾਪ ਨਾ ਦੇਖਿਆ, ਰੋਟੀਆਂ ਦਾ ਫਿਕਰ ਪੈ ਗਿਆ। ਬਾਰੂ ਦੇ ਸ਼ਤਾਰਾਂ ਰੁਪਏ ਤਾਂ ਪੱਕੇ ਸਨ। ਬਾਰੂ ਦੇ ਭਰਾ ਦੀ ਆਮਦਨੀ ਤਾਂ ਕੋਈ ਪੱਕੀ ਨਹੀਂ ਸੀ। ਉਹ ਤੇ 'ਮਜ਼ੂਰ' ਸੀ।

(ੳ) ਉਪਰੋਕਤ ਕਥਾ-ਅੰਸ਼ ਕਿਸ ਕਹਾਣੀਕਾਰ ਦੀ ਕਿਸ ਰਚਨਾ ਵਿਚੋਂ ਹੈ ?

(ਅ) ਬਾਰੂ ਦੇ ਘਰ ਦੀ ਹਾਲਤ ਕਿਸ ਤਰ੍ਹਾਂ ਦੀ ਸੀ ?

15. ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਸ਼ੇਰਨੀਆਂ' ਦਾ ਸਾਰ ਲਿਖੋ। 5

ਜਾਂ

"ਬਾਗਾਂ ਦਾ ਰਾਖਾ" ਕਹਾਣੀ ਦਾ ਉਦੇਸ਼ ਸਪਸ਼ਟ ਕਰੋ।

16. ਪੰਜਾਬੀ ਸਾਹਿਤ ਦੇ ਆਰੰਭ ਅਤੇ ਵਿਕਾਸ ਤੇ ਨੋਟ ਲਿਖੋ। 10

"ਸੂਫ਼ੀ ਕਾਵਿ" ਦੀਆਂ ਵਿਸ਼ੇਸ਼ਤਾਈਆਂ ਬਾਰੇ ਜਾਣਕਾਰੀ ਦਿਉ।



Downloaded from cclchapter.com